**ਗਉੜੀ ਕਬੀਰ ਜੀ ॥ ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥ ੧॥ ਇਸੁ ਤਨ ਧਨ ਕੋ ਕਿਆ ਗਰਬਈ ਆ ॥ ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ ॥ ੧॥ ਰਹਾਉ ॥ ਕਹਤ ਕਬੀਰ ਸੁਨਹੁ ਮਨ ਮੇਰੇ ॥ ਇਹੀ ਹਵਾਲ ਹੋਹਿਗੇ ਤੇਰੇ ॥੨॥੩੫॥ ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥** {ਪੰਨਾ 330}

ਪਦਅਰਥ:- ਜਿਹ ਸਿਰਿ—ਜਿਸ ਸਿਰ ਤੇ। ਰਚਿ ਰਚਿ—ਸੰਵਾਰ ਸੰਵਾਰ ਕੇ। ਬਾਧਤ—ਬੰਨ੍ਹਦਾ ਹੈ। ਸੋ ਸਿਰੁ—ਉਸ ਸਿਰ ਨੂੰ। ਚੁੰਚ—ਚੁੰਝ।1।

ਕੋ—ਦਾ। ਕਿਆ—ਕੀਹ? ਗਰਬਈਆ—ਮਾਣ, ਅਹੰਕਾਰ। ਕਾਹੇ—ਕਿਉਂ? ਦ੍ਰਿੜ੍ਹੀਆ—ਦਿੜ੍ਹ ਕਰਦਾ, ਜਪਦਾ।1। ਰਹਾਉ।

ਅਰਥ:- ਜਿਸ ਸਿਰ ਤੇ (ਮਨੁੱਖ) ਸੰਵਾਰ ਸੰਵਾਰ ਪੱਗ ਬੰਨ੍ਹਦਾ ਹੈ, (ਮੌਤ ਆਉਣ ਤੇ) ਉਸ ਸਿਰ ਨੂੰ ਕਾਂ ਆਪਣੀਆਂ ਚੁੰਝਾਂ ਨਾਲ ਸੰਵਾਰਦੇ ਹਨ।1।

(ਹੇ ਭਾਈ!) ਇਸ ਸਰੀਰ ਦਾ ਅਤੇ ਇਸ ਧਨ ਦਾ ਕੀਹ ਮਾਣ ਕਰਦਾ ਹੈਂ? ਪ੍ਰਭੂ ਦਾ ਨਾਮ ਕਿਉਂ ਨਹੀਂ ਸਿਮਰਦਾ?।1। ਰਹਾਉ।

ਕਬੀਰ ਆਖਦਾ ਹੈ—ਹੇ ਮੇਰੇ ਮਨ! ਸੁਣ, (ਮੌਤ ਆਉਣ ਤੇ) ਤੇਰੇ ਨਾਲ ਭੀ ਇਹੋ ਜਿਹੀ ਹੀ ਹੋਵੇਗੀ।2। 35।

ਸ਼ਬਦ ਦਾ ਭਾਵ:- ਇਸ ਧਨ ਦਾ ਜਾਂ ਇਸ ਸਰੀਰ ਦਾ ਮਾਣ ਕਰਨਾ ਬੇ-ਸਮਝੀ ਹੈ, ਕੋਈ ਭੀ ਇਸ ਜੀਵ ਦੇ ਨਾਲ ਨਹੀਂ ਨਿਭਦਾ। ਪ੍ਰਭੂ ਦਾ ਨਾਮ ਹੀ ਸੱਚਾ ਸਾਥੀ ਹੈ। 35।

ਨੋਟ:- ਇਸ ਸਾਰੇ ਸੰਗ੍ਰਹਿ ਵਿਚ ਮੁਖ਼ਤਲਿਫ਼ ਬੰਦਾਂ ਵਾਲੇ 35 ਸ਼ਬਦ ਹਨ; ਜਿਨ੍ਹਾਂ ਦਾ ਵੇਰਵਾ ਇਉਂ ਹੈ:

ਚਾਰ ਬੰਦਾਂ ਵਾਲੇ ਸ਼ਬਦ 14 . . . . . . . . . 1 ਤੋਂ 14 ਤਕ,
ਪੰਜ ਬੰਦਾਂ ਵਾਲੇ ਸ਼ਬਦ 2 . . . . . . . . . . 15 ਤੋਂ 16 ਤਕ,
ਤਿੰਨ ਬੰਦਾਂ ਵਾਲੇ ਚਾਰ-ਤੁਕੀਏ ਸ਼ਬਦ 2 . . 17 ਤੋਂ 18,
ਤਿੰਨ ਬੰਦਾਂ ਵਾਲੇ ਸ਼ਬਦ 15 . . . . . . . . . .19 ਤੋਂ 33,
ਦੋ ਬੰਦਾਂ ਵਾਲੇ ਸ਼ਬਦ 2 . . . . . . . . . . . . 34 ਤੇ 35।
. . . . . . . . ਜੋੜ . . . . . . . . . . . . .35